# ਪੰਜਾਬ ਸਕੂਲ ਸਿੱਖਿਆ ਬੋਰਡ

ਵਿੱਦਿਆ ਭਵਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

**PUNJAB SCHOOL EDUCATION BOARD**

**Sahibzada Ajit Singh Nagar-160062.**

# ਪ੍ਰੈਸ ਨੋਟ

ਮਾਨਯੋਗ ਸਿੱਖਿਆ ਮੰਤਰੀ ਜੀ ਨੇ ਅ. ਸ. ਪੱਤਰ ਨੰ: ਸ/ਸਿ.ਮੰ./3664 ਮਿਤੀ 14.1.2011 ਰਾਹੀਂ ਆਦੇਸ਼ ਕੀਤੇ ਹਨ ਕਿ ਪੰਜਾਬ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਹਰ ਰੋਜ਼ ਸਵੇਰੇ ਹੇਠ ਲਿਖੇ ਅਨੁਸਾਰ ਸਹੁੰ ਲਈ ਜਾਇਆ ਕਰੇ ।

## ਸਹੁੰ ਅਤੇ ਵਚਨ

" ਮੈਂ ( ਆਪਣਾ ਨਾਮ ) ..................., ਪ੍ਰਮਾਤਮਾਂ ਨੂੰ ਹਾਜ਼ਿਰ ਨਾਜ਼ਿਰ ਜਾਣ ਕੇ , ਭਾਰਤ ਮਾਤਾ ਅਤੇ ਸਾਰੇ ਦੇਸ਼ ਭਗਤ ਸ਼ਹੀਦਾ ਦੀ ਕਸਮ ਖਾ ਕੇ, ਆਪਣੇ ਗੁਰੂਆਂ-ਪੀਰਾਂ ਨੂੰ, ਇਹ ਵਚਨ ਦਿੰਦਾ ਹਾਂ , ਕਿ ਮੈਂ ਕਦੀ ਵੀ ਝੂਠ ਨਹੀਂ ਬੋਲਾਂਗਾ, ਇਮਾਨਦਾਰੀ ਨਾਲ ਆਪਣੀ ਹਰ ਜ਼ਿੰਮੇਵਾਰੀ ਨਿਭਾਉਂਦੇ ਹੋਏ, ਆਪਣੇ ਦੇਸ਼ ਦੀ ਸੇਵਾ ਕਰਾਂਗਾ ।ਆਪਣੇ ਆਲੇ ਦੁਆਲੇ ਰਿਸ਼ਵਤਖੋਰੀ , ਬੇਇਮਾਨੀ, ਧੋਖੇਬਾਜ਼ੀ , ਨਸ਼ਾਖੋਰੀ ਜਾਂ ਕਿਸੇ ਵੀ ਤਰ੍ਹਾਂ ਦਾ ਗੈਰ-ਕਾਨੂੰਨੀ ਕੰਮ ਕਰਨ ਵਾਲੇ ਹਰ ਇਨਸਾਨ ਦੀ ਲੋੜ ਅਤੇ ਸਮੇਂ ਮੁਤਾਬਿਕ ਢੁੱਕਵੇਂ ਤਰੀਕੇ ਨਾਲ ਵਿਰੋਧ ਜਾਂ ਤਿਆਗ ਕਰਾਂਗਾ ।ਜੇਕਰ ਕਦੀ ਵੀ, ਮੈਂ ਆਪਣਾ ਇਹ ਵਚਨ ਤੋੜਦਾ ਹਾਂ, ਤਾਂ ਮੈਂ ਰੱਬ, ਦੇਸ਼ ਅਤੇ ਕੌਮ ਦਾ ਦੋਸ਼ੀ ਹੋਵਾਂਗਾ ਅਤੇ ਰੱਬ ਦੀ ਰਜ਼ਾ ਅਨੁਸਾਰ ਇਸ ਗੁਨਾਹ ਲਈ, ਹਰ ਢੁੱਕਵੀਂ ਸਜ਼ਾ ਦਾ ਹੱਕਦਾਰ ਹੋਵਾਂਗਾ । ਮੈਂ ਪਰਮ ਪਿਤਾ ਪਰਮੇਸ਼ਰ ਅੱਗੇ ਬੇਨਤੀ ਕਰਦਾ ਹਾਂ , ਕਿ ਉਹ ਸਦਾ ਲਈ, ਮੈਨੂੰ ਆਪਣੇ ਇਸ ਵਚਨ ਅਤੇ ਕਸਮ ਤੇ ਕਾਇਮ ਰਹਿਣ ਦੀ ਸੋਝੀ ਅਤੇ ਸਮਰੱਥਾ ਬਖਸ਼ਣ ।"

## ਜੈ ਹਿੰਦ।

ਸਹੀ/-

(ਡਾ: ਦਲਬੀਰ ਸਿੰਘ ਢਿੱਲੋ )

ਚੇਅਰਮੈਨ